**BUDHA DAL PUBLIC SCHOOL PATIALA (24 Sept.15)**

**UNIT - I**

**Class - VIII**

**Paper - Punjabi**

**Time: 3 hrs.** **MM: 90**

**ਪ੍ਰ1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ:** (7)

1. ਇਲਾਕੇ ਦੀ ਹਰ ਕੁੜੀ ਕਿਸ ਵਾਂਗ ਬਣਨਾ ਚਾਹੁੰਦੀ ਸੀ?
2. ਉਧਮ ਸਿੰਘ ਨੇ ਕਿਸ ਨੂੰ ਕਿੱਥੇ ਮਾਰਿਆ?
3. ਸਰਦਾਰ ਵੱਲਭ ਭਾਈ ਪਟੇਲ ਦੇ ਮਾਤਾ-ਪਿਤਾ ਦਾ ਕੀ ਨਾਂ ਸੀ?
4. ਬੀਰਬਲ ਅਨੁਸਾਰ ਰੁੱਖ ਕਿੱਥੇ ਉਗਿਆ ਹੋਇਆ ਸੀ?
5. ਵਿਸਾਖੀ ਦਾ ਤਿਉਹਾਰ ਕਿਹੜੇ ਮਹੀਨੇ ਮਨਾਇਆ ਜਾਂਦਾ ਹੈ?
6. ਚੰਗੇ ਅਧਿਆਪਕ ਕਿਸ ਚੀਜ਼ ਦਾ ਫ਼ਰਕ ਮਿਟਾਉਂਦੇ ਹਨ?
7. ਮੱਕਾ ਸ਼ਹਿਰ ਦੀ ਮੋੜ੍ਹੀ ਕਿਨ੍ਹਾਂ ਨੇ ਗੱਡੀ ਸੀ?

**ਪ੍ਰ2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਵਿਸਥਾਰ ਨਾਲ ਦਿਓ:** (21)

1. ਪੰਜਾਬ ਦੀਆਂ ਕੁੜੀਆਂ ਕਿਵੇਂ ਤਰੱਕੀ ਕਰ ਰਹੀਆਂ ਹਨ?
2. ਵਲੱਭ ਭਾਈ ਪਟੇਲ ਦੇ ਜਨਮ ਅਤੇ ਪਰਿਵਾਰ ਬਾਰੇ ਲਿਖੋ।
3. ਅੰਤ ਵਿੱਚ ਬੀਰਬਲ ਨੇ ਅਕਬਰ ਨੂੰ ਕਿਹੜੇ ਸੱਚ ਝੂਠ ਵਿੱਚ ਬਦਲਣ ਲਈ ਕਿਹਾ?
4. ਬੱਚੇ ਦੇ ਜਨਮ ਸਮੇਂ ਕਿਹੜੇ - ਕਿਹੜੇ ਰਿਵਾਜ਼ ਹਨ?
5. ਮੱਕਾ ਸ਼ਹਿਰ ਦੀ ਖੂਬਸੂਰਤੀ ਦਾ ਬਿਆਨ ਕਰੋ।
6. ਭੈੜੇ ਗਰੋਹ ਵਾਲੇ ਬੰਦੇ ਗੋਪਾਲ ਵਰਗੇ ਬੱਚਿਆਂ ਨਾਲ ਕੀ ਕਰਦੇ ਹਨ?
7. ਵਿਆਹ ਸਮੇਂ ਦੇ ਮੁੱਖ ਰਿਵਾਜ ਲਿਖੋ।

**ਪ੍ਰ3. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ:** (3)

ਵਿਗਿਆਨੀ, ਪੰਡ, ਅਸਹਿ, ਯਕੀਨ, ਚੱਜ ਦੀ, ਸਾਹਿ ਚਿੱਠੀ

**ਪ੍ਰ4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ:** (4)

ਸੁਨੱਖਾ, ਲਚਕੀਲਾਪਨ, ਖਿਲਾਫ਼, ਅਗਿਆਨਤਾ

**ਪ੍ਰ4. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:** (5)

ਬੜੇ ਗ਼ੁਲਾਮ ਅਲੀ ਖ਼ਾਂ ਹਰ ਕਾਰਜ, ਰੌਂਅ ਤੇ ਅਵਸਰ ਨੂੰ ਸੰਗੀਤ ਵਿੱਚ ਪ੍ਰਗਟਾਉਣ ਦੀ ਹੱਦ ਤੀਕ ਜਾਂਦਾ। ਇਹ ਸੰਗੀਤਕ ਜਨੂੰਨ ਜੇ ਕਿਸੇ ਮਾੜੇ ਮੋਟੇ ਸੰਗੀਤਕਾਰ ਵਿੱਚ ਹੁੰਦਾ ਤਾਂ ਲੋਕਾਂ ਨੇ ਉਸ ਨੂੰ ਸਿਰ ਫਿਰਿਆ ਆਖਣਾ ਸੀ ਪਰ ਬੜੇ ਗ਼ੁਲਾਮ ਅਲੀ ਖ਼ਾਂ ਦੇ ਪ੍ਰਸੰਗ ਵਿੱਚ ਇਹ ਇੱਕ ਉੱਤਮ ਸੰਗੀਤਕਾਰ ਸਿਰਜਣਾ ਬਣ ਗਿਆ। ਇਹ ਜਨੂੰਨ ਉਸ ਉੱਤੇ ਇਤਨਾ ਹਾਵੀ ਸੀ ਕਿ ਦੰਦਾਂ ਨੂੰ ਬੁਰਸ਼ ਕਰਦਿਆਂ ਤੇ ਸ਼ੇਵ ਕਰਦਿਆਂ ਵੀ ਉਹ ਗਤੀ ਅਨੁਸਾਰ ਕੋਈ ਰਾਗਣੀ ਗੁਣਗੁਣਾਉਂਦਾ। ਗੱਡੀ ਵਿੱਚ ਸਫ਼ਰ ਕਰਦਿਆਂ ਉਹ ਇਸ ਦੀ ਰਫ਼ਤਾਰ ਤੇਜ਼ ਹੋਣ ਨਾਲ ਤਾਨ ਨੂੰ ਤੇਜ਼ ਕਰਦਾ ਤੇ ਜਦੋਂ ਗੱਡੀ ਸਟੇਸ਼ਨ ਦੇ ਨੇੜੇ ਆਉਣ ਲੱਗਦੀ ਤੇ ਇਸ ਦੀ ਰਫ਼ਤਾਰ ਹੌਲੀ ਹੁੰਦੀ ਤਾਂ ਉਹ ਸਰਗਮ ਦੀ ਰਫ਼ਤਾਰ ਵੀ ਇਸੇ ਤਰ੍ਹਾਂ ਹੌਲੀ ਕਰਦਾ। ਇਹੋ ਜਿਹਾ ਖ਼ਬਤ ਕਈ ਵਾਰ ਉੱਤਮ ਕਲਾਕਾਰਾਂ ਵਿੱਚ ਦੇਖਿਆ ਜਾਂਦਾ ਹੈ– ਝੱਲਾ, ਖ਼ੂਬਸੂਰਤ, ਸੱਜਾ ਤੇ ਸਾਧਨ-ਸੰਪੰਨ।

1. ਬੜੇ ਗ਼ੁਲਾਮ ਅਲੀ ਖ਼ਾਂ ਕੀ ਕਰਦੇ ਸਨ ?
   - (ੳ) ਗਾਇਕ ਸਨ
   - (ਅ) ਸੰਗੀਤਕਾਰ ਸਨ
   - (ੲ) ਸਾਹਿਤਕਾਰ ਸਨ
   - (ਸ) ਗਾਇਕ ਤੇ ਸੰਗੀਤਕਾਰ ਸਨ
2. ਬੜੇ ਗ਼ੁਲਾਮ ਅਲੀ ਖ਼ਾਂ ਬੁਰਸ਼ ਕਰਦਿਆਂ ਕੀ ਗੁਣਗੁਣਾਉਂਦੇ ਸਨ ?
   - (ੳ) ਠੁਮਰੀ
   - (ਅ) ਗ਼ਜ਼ਲ
   - (ੲ) ਰਾਗਣੀ
   - (ਸ) ਸ਼ਬਦ
3. 'ਸਿਰ ਫਿਰਿਆ' ਸ਼ਬਦ ਤੋਂ ਕੀ ਭਾਵ ਹੈ ?
   - (ੳ) ਸਮਝਦਾਰ
   - (ਅ) ਮੂਰਖ
   - (ੲ) ਅਣਜਾਣ
   - (ਸ) ਮਨਮਰਜ਼ੀ ਦਾ ਮਾਲਕ
4. ਪੈਰੇ ਦਾ ਢੁਕਵਾਂ ਸਿਰਲੇਖ ਚੁਣੋ–
   - (ੳ) ਬੜੇ ਗ਼ੁਲਾਮ ਅਲੀ ਖ਼ਾਂ
   - (ਅ) ਬੜੇ ਗ਼ੁਲਾਮ ਅਲੀ ਖ਼ਾਂ ਦਾ ਸੰਗੀਤ ਪ੍ਰੇਮ
   - (ੲ) ਸੰਗੀਤ ਅਤੇ ਬੜੇ ਗ਼ੁਲਾਮ ਅਲੀ ਖ਼ਾਂ
   - (ਸ) ਬੜੇ ਗ਼ੁਲਾਮ ਅਲੀ ਖ਼ਾਂ ਦਾ ਸੰਗੀਤਕ ਪਿਆਰ
5. ਬੜੇ ਗ਼ੁਲਾਮ ਅਲੀ ਖ਼ਾਂ ਰੇਲ ਗੱਡੀ ਦੀ ਰਫ਼ਤਾਰ ਵਧਣ-ਘਟਣ ਨਾਲ ਕੀ ਕਰਦੇ ਸਨ ?
   - (ੳ) ਤਾਨ ਨੂੰ ਤੇਜ਼ ਕਰਦੇ ਸਨ
   - (ਅ) ਤਾਨ ਨੂੰ ਹੌਲੀ ਕਰਦੇ ਸਨ
   - (ੲ) ਤਾਨ ਨੂੰ ਰਫ਼ਤਾਰ ਅਨੁਸਾਰ ਹੌਲੀ ਤੇ ਤੇਜ਼ ਕਰਦੇ ਸਨ
   - (ਸ) ਤਾਨ ਵੱਲ ਕੋਈ ਧਿਆਨ ਨਹੀਂ ਦਿੰਦੇ ਸਨ

**ਪ੍ਰ5. ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** (2)

"ਜਨਾਬ ਤੁਸੀਂ ਆ ਗਏ ਤਾਂ ਸੱਚ ਪਤਾ ਲੱਗ ਗਿਆ
ਸਾਨੂੰ ਤਾਂ ਇਸ ਝੂੱਠੇ ਤੇ ਗੁੱਸਾ ਆ ਰਿਹਾ ਸੀ।"

**ਪ੍ਰ6. ਹੇਠ ਲਿਖੀਆਂ ਸਤਰਾਂ ਪੜ੍ਹ ਕੇ ਪੁੱਛੇ ਪ੍ਰਸ਼ਨਾਂ ਦੇ ਉੱਤਰ ਦਿਓ:** (3)

ਉਮਰ ਭਰ ਹੀ ਸਾਡੇ ਜੋ ਕੰਮ ਆਵੇ,
ਸਾਨੂੰ ਉਹ ਖਜਾਨਾ ਮਹਾਨ ਦਿੰਦੇ।
ਦੇਸ ਲਈ ਜੋ ਸਭ ਕੁਝ ਵਾਰ ਦੇਵੇ
ਏਹ ਤਾਂ ਕੌਮ ਨੂੰ ਉਹ ਇਨਸਾਨ ਦਿੰਦੇ।

ੳ) ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ?
ਅ) ਇਹ ਕਿਸ ਕਵੀ ਦੀ ਰਚਨਾ ਹੈ?
ੲ) ਕਿਹੜਾ ਖਜਾਨਾ ਸਾਡੇ ਉਮਰ ਭਰ ਕੰਮ ਆਉਂਦਾ ਹੈ?

**ਪ੍ਰ7.** ਪੰਜਾਬੀਂ ਸੱਭਿਆਚਾਰ ਵਿੱਚ ਪੱਛਮੀ ਸੱਭਿਆਚਾਰ ਘਰ ਕਰ ਰਿਹਾ ਹੈ ਤੁਸੀਂ ਇਸ ਬਾਰੇ ਆਪਣੇ ਵਿਚਾਰ ਵਿਸਥਾਰ ਨਾਲ ਲਿਖੋ। (5)

## ਭਾਗ – ਅ (ਵਿਆਕਰਨ)

**ਪ੍ਰ.1ੳ) ਅਗੇਤਰ ਲਾ ਕੇ ਦੋ-ਦੋ ਸ਼ਬਦ ਬਣਾਓ:** (2)
ਅਣ, ਅੱਧ

**ਅ) ਪਿਛੇਤਰ ਲਾ ਕੇ ਦੋ-ਦੋ ਸ਼ਬਦ ਬਣਾਓ:** (2)
ਆਕਲ, ਆੜੀ

**ੲ) ਵਿਰੋਧੀ ਸ਼ਬਦ ਲਿਖੋ:** (2)
ਉਘਾ, ਆਕੜ, ਅਚੇਤ, ਆਥਣ

**ਸ) ਸਮਾਨਾਰਥਕ ਸ਼ਬਦ ਦੋ-ਦੋ ਲਿਖੋ:** (2)
ਉਤੱਪਤੀ, ਉਪਕਾਰ

**ਹ) ਬਹੁਆਰਥਕ ਦੋ-ਦੋ ਵਾਕ ਬਣਾਓ:** (4)
ਸਰ, ਸੂਆ

**ਕ) ਸ਼ੁੱਧ ਕਰਕੇ ਲਿਖੋ:** (2)
ਮੁਸ਼ਕਿਲ, ਸਿਫਾਰਿਸ, ਮੁਨਾਸਿਬ, ਨਲੈਕ

**ਖ) ਹੇਠ ਲਿਖੇ ਅਖਾਣਾਂ ਦੇ ਅਰਥ ਲਿਖੋ:** (3)
ਉਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ
ਆਪਣੀ ਪੀੜੀ ਹੇਠਾਂ ਸੋਟਾ ਫੇਰਨਾ
ਸੂਲਾਂ ਜੰਮਦੀਆਂ ਦੇ ਮੂੰਹ ਤਿੱਖੇ

**ਗ) ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ:** (4)
1. ਉਮਰ ਦੀਆਂ ਰੋਟੀਆਂ ਕਮਾ ਲੈਣੀਆਂ 2. ਅੱਗਾ ਸੁਆਰਨਾ
3. ਸਾਹ ਸੁੱਕਣਾ 4. ਸਿਰੋਂ ਨੰਗਾ ਹੋਣਾ

**ਘ) ਲਿੰਗ ਬਦਲੋ:** (2)
ਕੁੜਮ, ਵਣਜਾਰਾ, ਭਠਿਆਰਾ, ਲਾਹੌਰਿਆ

**ਙ) ਵਚਨ ਬਦਲੋ:** (2)
ਕਵਿਤਾ, ਕਚਾਲੂ, ਮੈਨੂੰ, ਇਸ

**ਚ) ਕਿਰਿਆ ਵਿਸ਼ੇਸ਼ਣ ਦੀ ਪ੍ਰੀਭਾਸ਼ਾ ਅਤੇ ਪ੍ਰਕਾਰ ਲਿਖੋ।** (2)

**ਪ੍ਰ2. ਕੋਈ ਇਕ ਲੇਖ ਲਿਖੋ:** (7)
ਸ੍ਰੀ ਗੁਰੂ ਅਰਜਨ ਦੇਵ ਜੀ **ਜਾਂ** ਭ੍ਰਿਸ਼ਟਾਚਾਰ

**ਪ੍ਰ3.** ਆਪਣੇ ਛੋਟੇ ਭਰਾ ਨੂੰ ਚਿੱਠੀ ਲਿਖੋ ਜਿਸ ਵਿੱਚ ਉਸਨੂੰ ਖੇਡਾਂ ਦੀ ਮਹਾਨਤਾ ਦੱਸਦੇ ਹੋਏ ਪੜ੍ਹਾਈ ਦੇ ਨਾਲ ਨਾਲ ਖੇਡਾਂ ਨੂੰ ਵੀ ਅਪਨਾਉਣ ਲਈ ਕਹੋ। (6)